ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ. ਨੰ 104-106, ਦੂਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਹਾਈ, ਹਾਇਰ ਸੈਕੰਡਰੀ / ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਦੇ ਰਾਹੀਂ)

ਮੀਮੋ ਨੰ ਪੀਈਐਸ/ਜੇਈਟੀ/2010/01013-32

ਮਿਤੀ ਚੰਡੀਗੜ੍ਹ 29 ਮਾਰਚ, 2010

ਵਿਸ਼ਾ ਜੁਆਇੰਟ ਐਂਟਰੈਂਸ ਟੈਸਟ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਕਰਨ ਬਾਰੇ ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਸਰਕਾਰ ਦੇ ਤਕਨੀਕੀ ਸਿੱਖਿਆ ਵਿਭਾਗ / ਪੰਜਾਬ ਤਕਨੀਕੀ ਸਿੱਖਿਆ ਅਤੇ ਇੰਡਸਟ੍ਰੀਅਲ ਟ੍ਰੇਨਿੰਗ ਬੋਰਡ ਵੱਲੋਂ ਪੰਜਾਬ ਰਾਜ ਦੇ ਵਿੱਚ ਪੋਲੀਟੈਕਨਿਕ ਕਾਲਜਾਂ ਦੇ ਲਈ ਤਕਰੀਬਨ 43,000 ਸੀਟਾਂ ਦੇ ਲਈ ਤਿੰਨ ਸਾਲ ਦੇ ਡਿਪਲੋਮਾ ਕੋਰਸ ਦੇ ਵਿੱਚ ਦਾਖਲੇ ਦੇ ਮੰਤਵ ਲਈ ਮਿਤੀ 22.5.2010 ਨੂੰ ਜੁਆਇੰਟ ਐਂਟਰੈਂਸ ਟੈਸਟ ਲਿਆ ਜਾਣਾ ਹੈ । ਇਸ ਟੈਸਟ ਦੇ ਲਈ ਦਸਵੀਂ ਪਾਸ ਵਿਦਿਆਰਥੀ ਜਾਂ ਦਸਵੀਂ ਦੇ ਇਮਤਿਹਾਨ ਵਿੱਚ ਅਪੀਅਰ ਹੋਏ ਵਿਦਿਆਰਥੀ ਭਾਗ ਲੈ ਸਕਦੇ ਹਨ । ਇਸ ਪ੍ਰੀਖਿਆ ਦੇ ਲਈ ਫਾਰਮ ਭਰਨ ਦੀ ਅਖੀਰਲੀ ਮਿਤੀ 16.4.2010 (4.00 ਵਜੇ ਸ਼ਾਮ) ਹੈ । ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਰਾਜ ਦੇ ਵੱਖ-ਵੱਖ ਪੋਲੀਟੈਕਨਿਕ ਕਾਲਜਾਂ ਦੇ ਵਿੱਚ ਬਹੁਤ ਵਧੀਆ ਇਨਫ੍ਰਾਸਟਰਕਚਰ ਮੁਹੱਈਆ ਕਰਵਾਇਆ ਗਿਆ ਹੈ ਤਾਂ ਜੋ ਪੰਜਾਬ ਰਾਜ ਦੇ ਵਿਦਿਆਰਥੀ ਇਸ ਦਾ ਪੂਰਾ ਫਾਇਦਾ

35

ਉਠਾ ਸਕਣ । ਸਿੱਖਿਆ ਵਿਭਾਗ ਅਤੇ ਤਕਨੀਕੀ ਸਿੱਖਿਆ ਵਿਭਾਗ ਦੇ ਆਪਸੀ ਤਾਲਮੇਲ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਹਾਈ / ਹਾਇਰ ਸੈਕੰਡਰੀ / ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿੱਚ ਦਸਵੀਂ ਕਲਾਸ ਵਿੱਚ ਪੜ੍ਹਣ ਵਾਲੇ ਵਿਦਿਆਰਥੀ ਜਾਂ ਦਸਵੀਂ ਪਾਸ ਹੋਏ ਵਿਦਿਆਰਥੀ, ਜੋ ਕਿ ਇਸ ਸਾਂਝੇ ਟੈਸਟ ਵਿੱਚ ਭਾਗ ਲੈਣ ਦੇ ਇੱਛੁਕ ਹਨ, ਵੱਧ ਤੋਂ ਵੱਧ ਹਿੱਸਾ ਲੈਣ ।

3.0 ਇਸ ਸਬੰਧ ਵਿੱਚ ਲੋੜੀਂਦੇ ਪ੍ਰਾਸਪੈਕਟਸ ਪੰਜਾਬ ਨੈਸ਼ਨਲ ਬੈਂਕ, ਐਚ.ਡੀ.ਐਫ.ਸੀ. ਬੈਂਕ ਦੀਆ ਅਧਿਕਾਰਤ ਬ੍ਰਾਂਚਾਂ ਤੇ ਅਤੇ ਮਾਨਤਾ ਪ੍ਰਾਪਤ ਪੋਲੀਟੈਕਨਿਕਾਂ ਵਿੱਚ ਉਪਲਭਧ ਹਨ । ਪੰਜਾਬ ਰਾਜ ਦੇ ਜ਼ਿਲ੍ਹਿਆ ਵਿੱਚ ਸਥਾਪਿਤ ਕੀਤੇ ਗਏ ਸੁਵਿਧਾ ਸੈਂਟਰਾਂ ਤੋਂ ਵੀ ਇਹ ਪ੍ਰਾਸਪੈਕਟਸ ਲਏ ਜਾ ਸਕਦੇ ਹਨ ਅਤੇ ਇਸ ਤੋਂ ਇਲਾਵਾ ਇਹ ਪ੍ਰਾਸਪੈਕਟਸ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੇ ਦਫਤਰਾਂ ਵਿੱਚ ਵੀ ਮੁਹੱਈਆ ਕਰਵਾ ਦਿੱਤੇ ਜਾਣਗੇ । ਆਪ ਜੀ ਨੂੰ ਲਿਖਿਆ ਜਾਦਾ ਹੈ ਕਿ ਇਸ ਸਬੰਧ ਵਿੱਚ ਆਪਣੇ ਆਪਣੇ ਸਕੂਲਾਂ ਵਿੱਚ ਸਬੰਧਤ ਸਮੂਹ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਂ ਪਿਓ ਨਾਲ ਮੀਟਿੰਗ ਕਰਨ ਉਪਰੰਤ ਉਹਨਾਂ ਨੂੰ ਇਸ ਕੋਰਸ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ।

4.0 ਇਹ ਵੀ ਦੱਸਿਆ ਜਾਦਾ ਹੈ ਕਿ ਇਸ ਸਬੰਧ ਵਿੱਚ ਲੋੜੀਂਦੀ ਜਾਣਕਾਰੀ ਸਿੱਖਿਆ ਵਿਭਾਗ ਦੀ ਵੈੱਬ-ਸਾਈਟ www.ssapunjab.org ਤੇ regarding admission for JET ਅਨੁਸਾਰ ਵੀ ਉਪਲਭਧ ਕਰਵਾ ਦਿੱਤੀ ਗਈ ਹੈ । ਇਸ ਤੋਂ ਇਲਾਵਾ ਪੰਜਾਬ ਤਕਨੀਕੀ ਸਿੱਖਿਆ ਵਿਭਾਗ ਦੀ ਵੈੱਬ-ਸਾਈਟ www.punjabteched.com www.punjabteched.net ਤੇ ਵੀ ਵੇਖੀ ਜਾ ਸਕਦੀ ਹੈ । ਇਸ ਸਬੰਧ ਵਿੱਚ ਜੇਕਰ ਕੋਈ ਹੋਰ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਸ਼੍ਰੀ ਰਾਜੀਵ ਸ਼ਰਮਾ, ਏ.ਐਸ.ਪੀ.ਡੀ. ਐਜੂਸੈੱਟ ਫੋਨ 99885-51133 ਜਾਂ ਪੰਜਾਬ ਤਕਨੀਕੀ ਸਿੱਖਿਆ ਬੋਰਡ ਦੇ ਸ਼੍ਰੀ ਬੀ.ਅਰੁਨਾਚਲ ਤੋ ਫੋਨ ਨੰ 98724-56335 ਤੇ ਪ੍ਰਾਪਤ ਕੀਤੀ ਜਾ ਸਕਦੀ ਹੈ ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਪੀਈਐਸ/ਜੇਈਟੀ/20101 ਮਿਤੀ 29.3.2010

ਇਸ ਦਾ ਉਤਾਰਾ ਹੇਠਾ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

(1) ਪ੍ਰਮੁੱਖ ਸਕੱਤਰ ਰੋਜਗਾਰ ਪੈਦਾ-ਕਰਨ ਵਿਭਾਗ ਪੰਜਾਬ, ਚੰਡੀਗੜ੍ਹ

(2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਵਿਭਾਗ, ਚੰਡੀਗੜ੍ਹ

(3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ, ਚੰਡੀਗੜ੍ਹ

(4) ਸਕੱਤਰ, ਪੰਜਾਬ ਸਟੇਟ ਤਕਨੀਕੀ ਸਿੱਖਿਆ ਅਤੇ ਇੰਡਸਟ੍ਰੀਅਲ ਟ੍ਰੇਨਿੰਗ ਬੋਰਡ, ਸੈਕਟਰ 36ਏ, ਚੰਡੀਗੜ੍ਹ

(5) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਇੰਡਸਟ੍ਰੀਅਲ ਟ੍ਰੇਨਿੰਗ, ਪੰਜਾਬ, ਚੰਡੀਗੜ੍ਹ

(6) ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ

(7) ਮੰਡਲ ਸਿੱਖਿਆ ਅਫਸਰ, ਜਲੰਧਰ, ਨਾਭਾ ਅਤੇ ਫਰੀਦਕੋਟ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ ਪੀਈਐਸ/ਜੇਈਟੀ/20101 ਮਿਤੀ 29.3.2010

ਇਸ ਦਾ ਉਤਾਰਾ ਨਿਜੀ ਸਕੱਤਰ / ਸਿੱਖਿਆ ਮੰਤਰੀ, ਪੰਜਾਬ ਨੂੰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਸੂਚਨਾ ਲਈ ਭੇਜਿਆ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ